ਜਨਤਾ ਦੇ ਹਿੱਤਾਂ ਦੀ ਪੂਰਤੀ ਕਰਨਾ



ਓਨਟਾਰੀਓ
ਕਾਲਜ ਆਫ
ਟੀਚਰਜ਼

# ਓਨਟਾਰੀਓ ਕਾਲਜ ਆਫ ਟੀਚਰਜ਼: ਸ਼ਾਨਦਾਰ ਅਧਿਆਪਨ ਲਈ ਮਿਆਰ ਸਥਾਪਿਤ ਕਰਦਾ ਹੈ



ਇਸ ਦੀ ਕੋਈ ਸੀਮਾ ਨਹੀਂ ਹੈ ਕਿ ਵਿਦਿਆਰਥੀ ਕੀ ਕੁਝ ਹਾਸਲ ਕਰ ਸਕਦੇ ਹਨ ਜਦੋਂ ਅਸੀਂ ਆਪਣੇ ਅਧਿਆਪਕਾਂ ਨੂੰ ਅੱਗੇ ਵਧਣ ਲਈ ਤਿਆਰ ਕਰਦੇ ਹਾਂ। ਓਨਟਾਰੀਓ ਕਾਲਜ ਆਫ ਟੀਚਰਜ਼, ਓਨਟਾਰੀਓ ਵਿੱਚ ਲਾਇਸੰਸ ਦੁਆਰਾ, ਉੱਚ ਪੇਸ਼ੇਵਰ ਅਤੇ ਨੈਤਿਕ ਮਾਨਕਾਂ ਨੂੰ ਸਥਾਪਤ ਕਰਕੇ, ਅਤੇ ਅਧਿਆਪਕ ਸਿੱਖਿਆ ਕਾਰਜਕ੍ਰਮਾਂ ਨੂੰ ਮਨਜ਼ੂਰੀ ਦੇ ਕੇ ਅਧਿਆਪਨ ਨੂੰ ਵਿਵਸਥਿਤ ਤਰੀਕੇ ਨਾਲ ਚਲਾਉਂਦਾ ਹੈ।

ਕਾਲਜ ਹੇਠ ਲਿਖੇ ਕੰਮ ਕਰਕੇ ਪੜ੍ਹਾਈ ਵਿੱਚ ਜਨਤਾ ਦੇ ਹਿੱਤਾਂ ਦੀ ਪੂਰਤੀ ਅਤੇ ਸੁਰੱਖਿਆ ਕਰਦਾ ਹੈ:

- ਅਧਿਆਪਕਾਂ ਨੂੰ ਓਨਟਾਰੀਓ ਦੇ ਸਾਰਵਜਨਿਕ ਰੂਪ ਤੋਂ ਵਿੱਤ-ਪੋਸ਼ਿਤ ਸਕੂਲਾਂ ਅਤੇ ਸਕੂਲ ਪ੍ਰਣਾਲੀਆਂ
- ਅਜਿਹੇ ਪ੍ਰੋਗਰਾਮਾਂ ਅਤੇ ਪਾਠਕ੍ਰਮਾਂ ਨੂੰ ਮਨਜ਼ੂਰੀ ਦੇ ਕੇ ਜੋ ਅਧਿਆਪਕਾਂ ਨੂੰ ਪੜ੍ਹਾਈ ਕਰਾਉਣ ਲਈ ਤਿਆਰ ਕਰਦੇ ਹਨ
- ਉਨ੍ਹਾਂ ਉੱਤੇ ਅਨੁਸਾਸ਼ਨਾਤਮਕ ਕਾਰਵਾਈ ਕਰਕੇ ਜੋ ਓਨਟਾਰੀਓ ਦੇ ਅਧਿਆਪਕਾਂ ਲਈ ਉੱਚ ਮਾਨਕਾਂ ਨੂੰ ਬਣਾਈ ਰੱਖਣ ਵਿੱਚ ਅਸਫਲ ਰਹਿੰਦੇ ਹਨ।

37-ਸਦੱਸਾਂ ਦੀ ਕੌਂਸਲ (ਸੂਬੇ ਦੁਆਰਾ ਚੁਣੇ ਗਏ 23 ਅਤੇ 14 ਨਿਯੁਕਤ ਕੀਤੇ) ਅਧਿਆਪਨ ਦੇ ਪੇਸ਼ੇ ਨੂੰ ਨਿਯੰਤ੍ਰਤ ਕਰਦੀਆਂ ਨੀਤਿਆਂ ਦਾ ਵਿਕਾਸ ਕਰਕੇ ਅਤੇ ਇਨ੍ਹਾਂ ਨੂੰ ਪ੍ਰਮਾਣਿਤ ਕਰਕੇ ਕਾਲਜ ਚਲਾਉਂਦੀ ਹੈ।

## ਜਨ ਹਿੱਤ ਵਿੱਚ ਸੰਚਾਲਨ ਕਰਨਾ

ਉਨ੍ਹਾਂ ਦੀ ਕਾਰਜਪ੍ਰਣਾਲੀ ਦੇ ਮੁੱਢ ਤੋਂ ਹੀ, ਅਧਿਆਪਕਾਂ ਨੂੰ ਨਿਰਧਾਰਤ ਮਾਨਕਾਂ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ, ਜੋ ਪੇਸ਼ੇਵਰਾਂ ਦੇ ਰੂਪ ਵਿੱਚ ਉਨ੍ਹਾਂ ਤੋਂ ਉਮੀਦ ਕੀਤੇ ਵਿਵਹਾਰ ਦਾ ਮਾਰਗਦਰਸ਼ਨ ਕਰਦੇ ਹਨ।

ਅਧਿਆਪਨ *ਪੇਸ਼ੇ ਲਈ ਨੈਤਿਕ ਮਾਨਕ* ਪੇਸ਼ੇਵਰ ਕਾਰਜਪ੍ਰਣਾਲੀ ਦੇ ਅਜਿਹੇ ਦ੍ਰਿਸ਼ਟੀਕੋਣ ਦਾ ਵਰਣਨ ਕਰਦੇ ਹਨ ਜਿਸ ਨਿੱਚ ਦੇਖਭਾਲ, ਸਨਮਾਨ, ਭਰੋਸੇ, ਅਤੇ ਇਮਾਨਦਾਰੀ ਦੇ ਗੁਣ ਬੁਨਿਆਦੀ ਗੁਣ ਹਨ।

ਅਧਿਆਪਨ *ਪੇਸ਼ੇ ਲਈ ਕਾਰਜਪ੍ਰਣਾਲੀ ਦੇ ਮਾਨਕ* ਓਨਟਾਰੀਓ ਆਧਿਆਪਨ ਪੇਸ਼ੇ ਵਿੱਚ ਜ਼ਰੂਰੀ ਗਿਆਨ, ਕੁਸ਼ਲਤਾਵਾਂ ਅਤੇ ਕਦਰਾਂ ਦਾ ਵਰਣਨ ਕਰਦੇ ਹਨ। ਇਸ ਵਿੱਚ ਵਿਦਿਆਰਥੀਆਂ ਅਤੇ ਵਿਦਿਆਰਥੀਆਂ ਦੀ ਸਿਖਲਾਈ ਪ੍ਰਤੀ ਵਚਨਬੱਧਤਾ, ਸਿਖਲਾਈ ਸਮੁਦਾਇਆਂ ਵਿੱਚ ਅਗਵਾਈ, ਵਰਤਮਾਨ ਪੇਸ਼ੇਵਰ ਸਿਖਲਾਈ, ਅਤੇ ਪੇਸ਼ੇਵਰ ਗਿਆਨ ਅਤੇ ਕਾਰਜਪ੍ਰਣਾਲੀ ਸ਼ਾਮਲ ਹੈ।

"ਅਧਿਆਪਨ ਸਮਾਜ ਦਾ ਸਭ ਤੋਂ ਪ੍ਰਤੀਸ਼ਠਿਤ ਪੇਸ਼ਾ ਹੈ। ਅਧਿਆਪਨ ਵਿੱਚ ਵਿਵਸਾਇਕਤਾ ਸਾਡੀ ਸਭ ਤੋਂ ਵੱਡੀ ਪ੍ਰਾਥਮਿਕਤਾ ਹੈ। ਅਧਿਆਪਕਾਂ ਲਈ ਚੰਗਾ ਸਾਰੇ ਓਨਟਾਰੀਓ ਵਾਸੀਆਂ ਲਈ ਚੰਗਾ ਹੈ।"

**ਮਾਈਕਲ ਸਾਲਵਾਤੋਰੀ,**
**ਸੀਈਓ (CEO) ਅਤੇ ਰਜਿਸਟਰਾਰ, ਓਨਟਾਰੀਓ ਕਾਲਜ ਆਫ ਟੀਚਰਜ਼**


ਵਾਧੂ ਜਾਣਕਾਰੀ ਲਈ, ਇਸ ਪਤੇ ਤੇ ਲਿਖੋ ਜਾਂ ਜਾਓ:
ਓਨਟਾਰੀਓ ਕਾਲਜ ਆਫ ਟੀਚਰਜ਼
101 Bloor Street West
Toronto ON M5S 0A1

ਟੈਲੀਫ਼ੋਨ: 416-961-8800
ਓਨਟਾਰੀਓ ਵਿੱਚ ਟੋਲ-ਫ੍ਰੀ: 1-888-534-2222
ਫੈਕਸ: 416-961-8822
ਈਮੇਲ: info@oct.ca
www.oct.ca


Ontario College of Teachers | Setting the Standard for Great Teaching

## ਤੁਰੰਤ ਤੱਥ

- 1997 ਵਿੱਚ ਖੁੱਲ੍ਹਿਆ
- 239,000 ਸਦੱਸ
- 2014 ਵਿੱਚ ਲਗਭਗ 9,800 ਨਵੇਂ ਅਧਿਆਪਕ ਪ੍ਰਮਾਣਿਤ ਕੀਤੇ
- ਸਵੈ-ਨਿਯੰਤ੍ਰਣ, ਪੇਸ਼ੇ ਦੀ ਪਰਿਪੱਕਤਾ ਅਤੇ ਅਧਿਆਪਕਾਂ ਦੀਆਂ ਖਾਸ ਕੁਸ਼ਲਤਾਵਾਂ, ਗਿਆਨ ਅਤੇ ਅਨੁਭਵ ਦੀ ਪਛਾਣ ਕਰਦਾ ਹੈ

## ਲਾਇਸੰਸ ਦੇਣਾ

ਸਿਰਫ ਯੋਗਤਾ-ਪ੍ਰਾਪਤ ਅਧਿਆਪਨ ਪੇਸ਼ੇਵਰ, ਜਿਨ੍ਹਾਂ ਨੂੰ ਓਨਟਾਰੀਓ ਕਾਲਜ ਆਫ ਟੀਚਰਜ਼ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ, ਹੀ ਆਪਣੇ ਨਾਂ ਦੇ ਅੱਗੇ OCT – ਓਨਟਾਰੀਓ ਪ੍ਰਮਾਣਿਤ ਅਧਿਆਪਕ (Ontario Certified Teacher) ਨਾਮਕ ਪੇਸ਼ੇਵਰ ਅਹੁਦੇ ਦਾ ਇਸਤੇਮਾਲ ਕਰ ਸਕਦੇ ਹਨ। ਅਧਿਆਪਕਾਂ ਨੂੰ ਪ੍ਰਮਾਣਿਤ ਕਰਨ ਦੀਆਂ ਲੋੜਾਂ ਨੂੰ ਨਿਰਧਾਰਿਤ ਕਰਨ ਦੀ ਕਾਲਜ ਦੀ ਯੋਗਤਾ ਓਨਟਾਰੀਓ ਦੇ ਲੋਕਾਂ ਨੂੰ ਯਕੀਨੀ ਬਣਾਉਂਦੀ ਹੈ ਕਿ ਬੱਚਿਆਂ ਅਤੇ ਨੌਜਵਾਨਾਂ ਨੂੰ ਲੋੜੀਂਦੀ ਜਾਣਕਾਰੀ ਅਤੇ ਕੁਸ਼ਲਤਾਵਾਂ ਵਾਲੇ ਉੱਚ ਯੋਗਤਾ-ਪ੍ਰਾਪਤ ਲੋਕਾਂ ਦੁਆਰਾ ਪੜ੍ਹਾਇਆ ਜਾਂਦਾ ਹੈ ਤਾਂ ਜੋ ਵਿਦਿਆਰਥੀ ਦੀ ਸਿੱਖਣ ਅਤੇ ਹਾਸਲ ਕਰਨ ਵਿੱਚ ਮਦਦ ਕੀਤੀ ਜਾ ਸਕੇ।



## ਪ੍ਰਵਾਨਗੀ

ਇਹ ਕਾਲਜ ਓਨਟਾਰੀਓ ਦੇ ਸਿੱਖਿਆ ਵਿਭਾਗ ਵਿਸ਼ਵ-ਵਿਦਾਲੇ (university faculties of education) ਵਿੱਚ ਫੁੱਲ- ਅਤੇ ਪਾਰਟ ਟਾਈਮ ਅਧਿਆਪਕ ਸਿੱਖਿਆ ਕਾਰਜਕ੍ਰਮਾਂ ਨੂੰ ਪ੍ਰਵਾਨ ਕਰਦਾ ਹੈ। ਇਹ ਕਾਲਜ ਸੈਂਕੜੇ ਵਾਧੂ ਸਿੱਖਿਅਕ-ਯੋਗਤਾ ਪਾਠਕ੍ਰਮਾਂ ਦੀ ਸਮੀਖਿਆ ਅਤੇ ਪ੍ਰਵਾਨਗੀ ਵੀ ਕਰਦਾ ਹੈ ਤਾਂ ਜੋ ਅਧਿਆਪਕ ਆਪਣੇ ਪੂਰੇ ਕੈਰਿਅਰ ਦੇ ਦੌਰਾਨ ਵਰਤਮਾਨ ਅਤੇ ਸਬੰਧਤ ਰਹਿਣ ਵਿੱਚ ਮਦਦ ਪ੍ਰਾਪਤ ਕਰ ਸਕਣ।

## ਅਨੁਸ਼ਾਸਨ

ਕਾਲਜ ਦਾ ਜਨਤਾ ਦੇ ਪ੍ਰਤੀ ਫਰਜ਼ ਹੈ ਕਿ ਉਹ ਕਾਲਜ ਦੇ ਉਨ੍ਹਾਂ ਸਦੱਸਾਂ ਦੀਆਂ ਸ਼ਿਕਾਇਤਾਂ ਦੀ ਜਾਂਚ ਕਰੇ ਅਤੇ ਸ਼ਿਕਾਇਤਾਂ ਦਾ ਨਿਪਟਾਰਾ ਕਰੇ ਜੋ ਅਯੋਗ ਹੋ ਸਕਦੇ ਹਨ, ਪੜ੍ਹਾਉਣ ਵਿੱਚ ਕੱਚੇ ਹੋ ਸਕਦੇ ਹਨ ਜਾਂ ਜਿਨ੍ਹਾਂ ਨੇ ਓਨਟਾਰੀਓ ਦੀਆਂ ਪੇਸ਼ੇਵਰ ਵਿਵਹਾਰ ਦੀਆਂ ਉਮੀਦਾਂ ਦੀ ਉਲੰਘਣਾ ਕੀਤੀ ਹੈ।

ਮਾਪਿਆਂ ਨੂੰ ਆਤਮ-ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਕਲਾਸਰੂਮ ਸੁਰੱਖਿਅਤ ਹਨ ਅਤੇ ਅਧਿਆਪਨ ਪੇਸ਼ੇ ਵਿੱਚ ਪੇਸ਼ੇਵਰ ਦੁਰਵਿਵਹਾਰ ਲਈ ਦੋਸ਼ੀ ਪਾਏ ਜਾਂਦੇ ਮੈਂਬਰਾਂ ਦੇ ਖਿਲਾਫ ਗੰਭੀਰ ਕਾਰਵਾਈ ਕੀਤੀ ਜਾਂਦੀ ਹੈ। ਇੱਦਾਂ ਹੀ, ਪੇਸ਼ੇਵਰ ਦੁਰਵਿਹਾਰ ਦੇ ਦੋਸ਼ੀ ਪਾਏ ਜਾਣ ਵਾਲੇ ਮੈਂਬਰਾਂ ਕੋਲ ਪ੍ਰਕਿਰਿਆਤਮਕ ਨਿਰਪੱਖਤਾ ਦਾ ਅਧਿਕਾਰ ਹੈ।

ਅਨੁਪਾਤ ਮੁਤਾਬਕ, ਅਧਿਆਪਕਾਂ ਦੇ ਖਿਲਾਫ ਬਹੁਤ ਘੱਟ ਹੁੰਦੀਆਂ ਹਨ। ਕਾਲਜ ਦੇ 239,000 ਸਦੱਸਾਂ ਵਿੱਚੋਂ, ਕਿਸੇ ਵੀ ਦਿੱਤੇ ਗਏ ਸਾਲ ਵਿੱਚ ਕਰੀਬ 100 ਵਿਅਕਤੀ ਹੀ ਜਨਤਾ ਦੀ ਸੁਣਵਾਈ ਦਾ ਸਾਮ੍ਹਣਾ ਕਰਦੇ ਹਨ। ਪੇਸ਼ੇਵਰ ਦੁਰਵਿਵਹਾਰ ਦੇ ਜੁਰਮਾਨਿਆਂ ਵਿੱਚ ਸਲਾਹ-ਮਸ਼ਵਰਾ ਲੈਣ ਜਾਂ ਪਾਠਕ੍ਰਮਾਂ ਵਿੱਚ ਹਿੱਸਾ ਲੈਣ ਲਈ ਡਾਂਟ-ਡਪਟ ਲਗਾਉਣ, ਨਿਰਦੇਸ਼ ਦੇਣ ਤੋਂ ਲੈ ਕੇ ਪੜ੍ਹਾਉਣ ਦਾ ਲਾਇਸੰਸ ਵਾਪਸ ਲੈ ਲੈਣਾ ਸ਼ਾਮਲ ਹੈ।

# ਤੁਹਾਨੂੰ ਜਵਾਬਦੇਹ

### ਖੁੱਲੇ ਅਤੇ ਪਾਰਦਰਸ਼ੀ ਤਰੀਕੇ ਵਿੱਚ ਸੰਚਾਲਨ ਕਰਨਾ ਜਨਤਾ ਦਾ ਭਰੋਸਾ ਬਣਾਉਣ ਵਿੱਚ ਮਦਦ ਕਰਦਾ ਹੈ।

- **ਵਿਵਸਾਇਕਤਾ ਵਿੱਚ ਭਾਗੀਦਾਰ**। ਕਾਲਜ ਕੌਂਸਲ ਦੇ ਸਦੱਸ, ਜਨਤਾ ਦੇ ਹਿੱਤਾਂ ਦੀ ਪੂਰਤੀ ਅਤੇ ਸੁਰੱਖਿਆ ਕਰਨ ਦੀ ਸੌਂਹ ਖਾਂਦੇ ਹਨ ਜਾਂ ਤਸਦੀਕ ਕਰਦੇ ਹਨ। ਸੂਬੇ ਦੁਆਰਾ ਨਿਯੁਕਤ ਤਿੰਨ ਲੋਕਾਂ ਦੀ ਜਨ ਹਿੱਤ ਕਮੇਟੀ (Public Interest Committee) ਵੀ ਇਸਦੇ ਜਨ ਹਿੱਤ ਜਨਾਦੇਸ਼ ਦੇ ਸਬੰਧ ਵਿੱਚ ਕੌਂਸਲ ਨੂੰ ਸਲਾਹ-ਮਸ਼ਵਰਾ ਦਿੰਦੀ ਹੈ।

- **ਅਧਿਆਪਕ ਲੱਭੋ**। ਕਾਲਜ ਸਾਰੇ ਪ੍ਰਮਾਣਿਤ ਮੈਂਬਰਾਂ ਲਈ ਇੱਕ ਜਨਤਕ ਰਜਿਸਟਰ ਰੱਖਦਾ ਹੈ। ਹਰੇਕ ਮੈਂਬਰ ਦਾ ਦਰਜਾ, ਉਨ੍ਹਾਂ ਦੀਆਂ ਪੜ੍ਹਾਉਣ-ਸਬੰਧੀ ਯੋਗਤਾਵਾਂ, ਉਨ੍ਹਾਂ ਨੂੰ ਕਦੋਂ ਪ੍ਰਮਾਣਿਤ ਕੀਤਾ ਗਿਆ ਸੀ, ਅਤੇ ਉਨ੍ਹਾਂ ਦੇ ਪ੍ਰਮਾਣ-ਪੱਤਰ ਉੱਤੇ ਕੋਈ ਸ਼ਰਤਾਂ ਜਾਂ ਅਨੁਸ਼ਾਸਨਾਤਮਕ ਟਿੱਪਣੀਆਂ ਨੂੰ ਦੇਖਣ ਲਈ ਸਾਡੀ ਵੈਬਸਾਈਟ oct.ca ਉੱਤੇ ਅਧਿਆਪਕ ਲੱਭੋ (Find a Teacher) ਤੇ ਜਾਓ।

- **ਨਿਰਣੇ ਉਪਲਬਧ ਹਨ**। ਇਹ ਕਾਲਜ ਉਨ੍ਹਾਂ ਸਦੱਸਾਂ ਲਈ ਜਨਤਾ ਦੀਆਂ ਸੁਣਵਾਈਆਂ ਦਾ ਆਯੋਜਨ ਕਰਦਾ ਹੈ ਜਿਨ੍ਹਾਂ ਦੇ ਪੇਸ਼ੇਵਰ ਦੁਰਵਿਵਹਾਰ ਦੇ ਆਰੋਪ ਲਗਾਏ ਜਾਂਦੇ ਹਨ। ਸੁਣਵਾਈ ਟਿੱਪਣੀਆਂ ਅਤੇ ਸੁਣਵਾਈ ਦੇ ਪੂਰੇ ਨਿਰਣੇ oct.ca ਤੇ ਉਪਲਬਧ ਹਨ।

- **ਵਿਸ਼ੇਸ਼ ਮਾਰਗ-ਦਰਸ਼ਨ**। ਪੇਸ਼ੇਵਰ ਨਿਯੰਤ੍ਰਕ ਹੋਣ ਦੇ ਨਾਤੇ, ਇਸ ਕਾਲਜ ਕੋਲ ਆਪਣੇ ਮੈਂਬਰਾਂ ਨੂੰ ਪੇਸ਼ੇਵਰ ਸਲਾਹ ਦੇਣ ਦਾ ਅਧਿਕਾਰ ਹੈ। ਵਿਸ਼ਿਆਂ ਵਿੱਚ ਸਮਾਜਕ ਅਤੇ ਇਲੈਕਟ੍ਰੋਨਿਕ ਮੀਡਿਓ ਦੇ ਢੁਕਵੇਂ ਇਸਤੇਮਾਲ ਤੋਂ ਲੈ ਕੇ ਅਧਿਆਪਕਾਂ ਦੇ ਸੂਚਨਾ ਦੇਣ ਦੇ ਫਰਜ਼ ਸ਼ਾਮਲ ਹਨ ਜਦੋਂ ਉਨ੍ਹਾਂ ਨੂੰ ਸ਼ੱਕ ਹੁੰਦਾ ਹੈ ਕਿ ਕੋਈ ਬੱਚਾ ਸ਼ੋਸ਼ਣ ਜਾਂ ਲਾਪਰਵਾਹੀ ਦਾ ਸ਼ਿਕਾਰ ਹੋ ਸਕਦਾ ਹੈ।

- **ਖੁੱਲ੍ਹੇ ਸੱਦੇ**। ਤੁਹਾਡਾ ਕਾਲਜ ਦੀਆਂ ਤਿਮਾਹੀਂ ਕੌਂਸਲ ਬੈਠਕਾਂ, ਇਸਦੀ ਸਲਾਨਾ ਬੈਠਕ, ਅਤੇ ਅਨੁਸ਼ਾਸਨ ਕਮੇਟੀ ਦੀਆਂ ਜ਼ਿਆਦਾਤਰ ਸੁਣਵਾਈਆਂ ਵਿੱਚ ਆਉਣ ਲਈ ਸਵਾਗਤ ਹੈ। ਸਾਡੀ ਵੈਬਸਾਈਟ ਤੇ ਬੈਠਕਾਂ ਦੇ ਵਿਵਰਣ ਨੂੰ ਪੜ੍ਹ ਕੇ ਕੌਂਸਲ ਦੀਆਂ ਬੈਠਕਾਂ ਦੇ ਕਾਰੋਬਾਰ ਦੀ ਪਾਲਣਾ ਕਰੋ।

- **ਹਮੇਸ਼ਾ ਸਲਾਹ-ਮਸ਼ਵਰਾ ਲੈਣਾ**। ਇਹ ਕਾਲਜ ਪ੍ਰਸਤਾਵਤ ਨੀਤੀ ਜਾਂ ਨਿਯਮਕ ਤਬਦੀਲੀਆਂ ਬਾਰੇ ਸਿੱਖਿਆ ਖੇਤਰ ਦੇ ਅੰਦਰ ਵਿਸਤਾਰ ਵਿੱਚ ਸਲਾਹ-ਮਸ਼ਵਰਾ ਕਰਨ ਤੇ ਗਰਵ ਅਤੇ ਯਤਨ ਕਰਦਾ ਹੈ। ਸਾਡੇ ਸਾਰਵਜਨਿਕ ਈ-ਨਿਊਜ਼ਲੈਟਰ (ਸੂਚਨਾ-ਪੱਤਰ), ਦਿ ਸਟੈਂਡਰਡ ਲਈ ਸਬਸਕ੍ਰਾਈਬ ਕਰੋ, ਅਤੇ ਭਾਗ ਲੈਣ ਲਈ ਮੌਕੇ ਦਾ ਖਿਆਲ ਰੱਖੋ।

- **ਵਧੇਰੇ ਜਾਣਕਾਰੀ ਪ੍ਰਾਪਤ ਕਰੋ**। ਸਾਡੀਆਂ ਸਲਾਨਾ ਰਿਪੋਰਟਾਂ, ਅਧਿਐਨਾਂ, ਸਦੱਸਾਂ ਨੂੰ ਸਲਾਹਾਂ ਅਤੇ ਹੋਰ ਬਹੁਤ ਕੁਝ ਦੇਖਣ ਲਈ oct.ca ਤੇ ਜਾਓ।।

